# ਥਾਣਾ ਮੁਖੀ ਨੂੰ ਸਾਈਕਲ ਚੋਰੀ ਦੀ ਰਿਪੋਰਟ ਲਿਖਾਉਣ ਲਈ ਪੱਤਰ ਲਿਖੋ।



ਸੇਵਾ ਵਿਖੇ

ਐੱਸ. ਐੱਚ. ਓ. ਸਾਹਿਬ,

ਸਦਰ ਥਾਣਾ,

……………।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਸਵੇਰੇ ਮੇਰਾ ਸਾਈਕਲ ਗੁੰਮ ਹੋ ਗਿਆ ਹੈ। ਮੈਂ ਅੱਜ ਸਵੇਰੇ 11 ਵਜੇ ਸਟੇਟ ਬੈਂਕ ਆਫ ਇੰਡੀਆ ਵਿਚੋਂ ਰੁਪਏ ਕਢਵਾਉਣ ਲਈ ਗਿਆ ਅਤੇ ਸਾਈਕਲ ਨੂੰ ਜਿੰਦਰਾ ਲਾ ਕੇ ਬਾਹਰ ਖੜ੍ਹਾ ਕਰ ਗਿਆ ਸੀ। ਪਰ ਜਦੋਂ ਮੈਂ 11.30 ਤੇ ਬਾਹਰ ਆਇਆ, ਤਾਂ ਉੱਥੇ ਸਾਈਕਲ ਨਹੀਂ ਸੀ। ਮੈਂ ਆਲੇ-ਦੁਆਲੇ ਭਾਲ ਕੀਤੀ, ਪਰ ਕੁਝ ਪਤਾ ਨਹੀਂ ਲੱਗਾ। ਮੈਨੂੰ ਲਗਦਾ ਹੈ ਕਿ ਮੇਰਾ ਸਾਈਕਲ ਚੋਰੀ ਹੋ ਗਿਆ ਹੈ।

ਮੇਰਾ ਸਾਈਕਲ 'ਐਟਲਸ' ਕੰਪਨੀ ਦਾ ਹੈ ਅਤੇ ਉਸ ਦਾ ਨੰਬਰ-554062 ਹੈ। ਉਸ ਦੀ ਰਸੀਦ ਮੇਰੇ ਕੋਲ ਹੈ। ਉਸ ਦੇ ਚੇਨ-ਕਵਰ ਉੱਤੇ ਮੇਰਾ ਨਾਂ ਲਿਖਿਆ ਹੋਇਆ ਹੈ। ਇਸ ਦੀ ਉਚਾਈ 22 ਇੰਚ ਅਤੇ ਰੰਗ ਨੀਲਾ ਹੈ।

ਮੈਂ ਉਮੀਦ ਕਰਦਾ ਹਾਂ ਕਿ ਆਪ ਆਪਣੇ ਕਰਮਚਾਰੀਆਂ ਨੂੰ ਹੁਕਮ ਦੇ ਕੇ ਮੇਰਾ ਸਾਈਕਲ ਲਭਾਉਣ ਵਿਚ ਪੂਰੀ ਮਦਦ ਕਰੋਗੇ।

ਧੰਨਵਾਦ ਸਹਿਤ।

ਮਿਤੀ : ………………

ਆਪ ਦਾ ਵਿਸ਼ਵਾਸ-ਪਾਤਰ

…………………,

ਪਿੰਡ ……………,

ਜ਼ਿਲ੍ਹਾ ……………।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**